ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
( ਦਫਤਰ: ਵਿੱਤ ਭਾਗ )

ਵਿੱਤ ਸਰਕੂਲਰ ਨੰ: **23/2011**

ਵੱਲ

1. ਡਾਇਰੈਕਟਰ/ਜਨਰੇਸ਼ਨ
2. ਡਾਇਰੈਕਟਰ/ਡਿਸਟ੍ਰੀਬਿਊਸ਼ਨ
3. ਡਾਇਰੈਕਟਰ/ਪ੍ਰਬੰਧਕੀ
4. ਡਾਇਰੈਕਟਰ/ਹਿਊਮਨ ਰਿਸੋਰਜ਼ਸ
5. ਡਾਇਰੈਕਟਰ/ਵਿੱਤ
6. ਡਾਇਰੈਕਟਰ/ਕਮਰਸ਼ੀਅਲ

} ਪੰ:ਸ:ਪਾਵਰ ਕਾ:ਲਿਮ:

7. ਡਾਇਰੈਕਟਰ/ਟਰਾਂਸਮਿਸ਼ਨ
8. ਡਾਇਰੈਕਟਰ/ਵਿੱਤ

} ਪੰ:ਸ:ਟਰਾਂਸਮਿਸ਼ਨ ਕਾ:ਲਿਮ:

ਮੀਮੋ ਨੰ:- **62074/90 /Fin-2/6(2006)**

ਮਿਤੀ:- **25-04-2011**

ਵਿਸ਼ਾ:- ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਮਿਤੀ 1-1-2006 ਤੋਂ 31-7-2009 ਤੱਕ ਦੇ ਤਨਖਾਹਾਂ ਦੇ ਬਕਾਇਆਂ ਦੀ ਅਦਾਇਗੀ ਕਰਨ ਬਾਰੇ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਉਕਤ ਵਿਸ਼ੇ ਤੇ ਇਸ ਦਫਤਰ ਦੇ ਵਿੱਤ ਸਰਕੂਲਰ ਨੰ:- 15/2009 ਮਿਤੀ 15-10-09 ਦੀ ਲਗਾਤਾਰਤਾ ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ:- **5/10/09-5FP-1/844** ਮਿਤੀ 29-12-10 (ਕਾਪੀ ਨੱਥੀ ਹੈ) ਨੂੰ ਇੰਨ-ਬਿੰਨ ਅਪਣਾਉਣ ਦਾ ਫੈਸਲਾ ਲਿਆ ਗਿਆ ਹੈ ਅਤੇ ਇਹ ਫੈਸਲਾ ਵਰਕਚਾਰਜ਼ ਕਾਮਿਆਂ ਤੇ ਵੀ ਲਾਗੂ ਹੋਵੇਗਾ। ਪ੍ਰੰਤੂ ਵਰਕਚਾਰਜ਼ ਕਾਮਿਆਂ ਨੂੰ ਅਦਾਇਗੀ ਯੋਗ ਤਨਖਾਹ ਦੇ ਬਕਾਇਆਂ ਦੀ ਹਰੇਕ ਕਿਸ਼ਤ ਦਾ 50% ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰ ਵਿੱਚ ਨਿਵੇਸ਼ ਕੀਤਾ ਜਾਵੇਗਾ, ਜੋ ਕਿ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਤ ਕਾਮਿਆਂ ਦੇ ਨਾਂ ਤੇ ਖਰੀਦੇ ਜਾਣਗੇ ਅਤੇ ਬਾਕੀ ਦੇ 50% ਹਿੱਸੇ ਦੀ ਰਕਮ ਦੀ ਅਦਾਇਗੀ ਨਗਦ ਕੀਤੀ ਜਾਵੇਗੀ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਵਿੱਤ-1

ਪਿੱਠ ਅੰਕਣ ਨੰ:- **62091/62136 / Fin-2/6(2006)** ਮਿਤੀ:- **25-04-2011**

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਡੀ.ਜੀ.ਪੀ/ਵੀ ਤੇ ਐਸ,
2. ਸਾਰੇ ਇੰਜ-ਇਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ:(ਸਮੇਤ ਹਾਈਡਲ)
3. ਮੁੱਖ ਪ੍ਰਬੰਧਕ
4. ਸਾਰੇ ਮੁੱਖ ਲੇਖਾ ਅਫਸਰਜ਼
5. ਮੁੱਖ ਪੜਤਾਲਕਾਰ
6. ਕਾਸਟ ਕੰਟਰੋਲਰ
7. ਵਿੱਤ ਸਲਾਹਕਾਰ

} ਪੀ.ਐਸ.ਪੀ.ਸੀ.ਐਲ. / ਪੀ.ਐਸ.ਟੀ.ਸੀ.ਐਲ.

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਵਿੱਤ-1

ਪਿੱਠ ਅੰਕਣ ਨੰ:- **62137/947 / Fin-2/6(2006)** ਮਿਤੀ:- **25-04-2011**

ਉਪਰੋਕਤ ਦਾ ਉਤਾਰਾ ਹੇਠ ਲਿਖੇ ਦਫਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਪ੍ਰਿੰਸੀਪਲ ਸਕੱਤਰ ਟੂ ਪੰਜਾਬ ਸਰਕਾਰ (ਵਿੱਤ ਵਿਭਾਗ), ਸਿਵਲ ਸਕੱਤਰੇਤ, ਪੰਜਾਬ, ਚੰਡੀਗੜ੍ਹ।

ਪੰਜਾਬ ਸਰਕਾਰ ਦੇ ਵਿੱਤ ਵਿਭਾਗ ( ਵਿੱਤ ਪ੍ਰਸੋਨਲ-1 ਸ਼ਾਖਾ) ਦੇ ਦਫ਼ਤਰ ਦੇ ਪੱਤਰ ਨੰ:- **5/10/09-5 FP-1/844** ਮਿਤੀ 29-12-10, ਸਾਰੇ ਵਿਭਾਗਾਂ ਦੇ ਮੁਖੀਆਂ ਆਦਿ ਨੂੰ :

ਵਿਸ਼ਾ:- ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਮਿਤੀ 1-1-2006 ਤੋਂ 31-7-2009 ਤੱਕ ਦੇ ਤਨਖਾਹਾਂ ਦੇ ਬਕਾਇਆਂ ਦੀ ਅਦਾਇਗੀ ਕਰਨ ਬਾਰੇ।

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੀ ਅਧਿਸੂਚਨਾ ਨੰ:- 5/10/09-5ਐਫਪੀ-1/207 ਮਿਤੀ 27 ਮਈ, 2009 ਰਾਹੀਂ ਜਾਰੀ ਕੀਤੇ ਗਏ ਪੰਜਾਬ ਸਿਵਲ ਸੇਵਾਵਾਂ (ਸੋਧੇ ਤਨਖਾਹ) ਨਿਯਮ, 2009 ਦੇ ਨਿਯਮ 8 ਵੱਲ ਧਿਆਨ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਦੇ ਰਾਜਪਾਲ ਜੀ ਨੇ ਪ੍ਰਸੰਨਤਾ ਪੂਰਵਕ ਸਰਕਾਰੀ ਕਰਮਚਾਰੀਆਂ ਨੂੰ ਮਿਤੀ 1-1-2006 ਤੋਂ 31-7-09 ਤੱਕ ਦੇ ਸਮੇਂ ਦੇ ਤਨਖਾਹਾਂ ਦੇ ਬਕਾਇਆਂ ਦੀ ਰਕਮ ਦੀ ਅਦਾਇਗੀ ਤਿੰਨ ਕਿਸਤਾਂ ਵਿੱਚ ਨਿਮਨ ਅਨੁਸਾਰ ਕਰਨ ਦਾ ਫੈਸਲਾ ਲਿਆ ਹੈ :-

2. ੳ) 40% ਦੀ ਪਹਿਲੀ ਕਿਸ਼ਤ ਜਿਸ ਦੀ ਅਦਾਇਗੀ ਅਪ੍ਰੈਲ, 2011 ਦੀ ਤਨਖਾਹ ਜੋ ਮਈ 2011 ਵਿੱਚ ਦਿੱਤੀ ਜਾਣੀ ਹੈ ਤੋਂ ਬਾਅਦ ਮਈ, 2011 ਵਿੱਚ ਦਿੱਤੀ ਜਾਵੇਗੀ।

ਅ) ਇਸੇ ਤਰ੍ਹਾਂ ਅਗਲੀਆਂ ਦੋ ਕਿਸ਼ਤਾਂ ਦੀ ਅਦਾਇਗੀ 30% ਪ੍ਰਤੀ ਕਿਸ਼ਤ ਦੇ ਹਿਸਾਬ ਨਾਲ ਮਈ, 2012 ਅਤੇ ਮਈ 2013 ਵਿੱਚ ਕੀਤੀ ਜਾਵੇਗੀ।

3. ਉਪਰੋਕਤ ਅਨੁਸਾਰ ਹਰੇਕ ਕਿਸ਼ਤ ਦਾ 50% ਹਿੱਸਾ ਕਰਮਚਾਰੀਆਂ ਦੇ ਜਨਰਲ ਪ੍ਰਾਵੀਡੈਂਟ ਫੰਡ ਖਾਤਿਆਂ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ ਅਤੇ ਬਾਕੀ ਦਾ 50% ਹਿੱਸਾ ਨਕਦ ਅਦਾ ਕੀਤਾ ਜਾਵੇਗਾ। ਜਨਰਲ ਪ੍ਰਾਵੀਡੈਂਟ ਫੰਡ ਖਾਤਿਆਂ ਵਿੱਚ ਜਮ੍ਹਾਂ ਕਰਵਾਉਣਯੋਗ ਅਤੇ ਨਕਦ ਅਦਾ ਕਰਨਯੋਗ ਰਕਮ ਦੀ ਗਣਨਾ ਬਣਦਾ ਇੰਨਕਮ ਟੈਕਸ ਕੱਟਣ ਉਪਰੰਤ ਕੀਤੀ ਜਾਵੇਗੀ।

4. ਮਿਤੀ 1 ਜਨਵਰੀ, 2006 ਨੂੰ ਜਾਂ ਇਸ ਤੋਂ ਬਾਅਦ ਸੇਵਾ-ਨਿਵਿਰਤ ਹੋਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਹਰੇਕ ਕਿਸ਼ਤ ਦੀ ਬਕਾਇਆ ਰਕਮ ਉਪਰੋਕਤ ਪੈਰਾ-2 ਵਿੱਚ ਦਰਸਾਏ ਅਨੁਸਾਰ ਸਬੰਧਤ ਮਹੀਨੇ ਵਿੱਚ ਨਕਦ ਅਦਾ ਕੀਤੀ ਜਾਵੇਗੀ।

5. ਸੇਵਾ ਵਿੱਚ ਜਾਂ ਸੇਵਾ-ਨਿਵਿਰਤੀ ਉਪਰੰਤ ਸਵਰਗਵਾਸ ਹੋਣ ਵਾਲੇ ਕਰਮਚਾਰੀਆਂ ਨੂੰ ਮਿਲਣਯੋਗ ਤਨਖਾਹ ਦੇ ਬਕਾਇਆਂ ਦੀ ਮੁਕੰਮਲ ਰਾਸ਼ੀ ਉਹਨਾਂ ਦੇ ਕਾਨੂੰਨੀ ਵਾਰਸਾਂ ਨੂੰ ਨਕਦ ਅਦਾਇਗੀ ਯੋਗ ਹੋਵੇਗੀ।

6. ਉਨ੍ਹਾਂ ਕੇਸਾਂ ਵਿੱਚ ਜਿੱਥੇ ਕਿਸੇ ਕਰਮਚਾਰੀ ਨੂੰ ਮਿਲਣਯੋਗ ਤਨਖਾਹ ਦੇ ਬਕਾਏ ਦੀ ਕੁੱਲ ਰਕਮ ਨਿਗੂਣੀ ਹੈ ਅਰਥਾਤ 5,000/- ਰੁਪਏ ( ਪੰਜ ਹਜ਼ਾਰ ਰੁਪਏ ਕੇਵਲ) ਤੱਕ ਦੀ ਹੈ, ਉਹਨਾਂ ਦੀ ਸਾਰੀ ਰਕਮ ਅਪ੍ਰੈਲ, 2011 ਦੀ ਤਨਖਾਹ ਜੋ ਮਈ, 2011 ਵਿੱਚ ਦਿੱਤੀ ਜਾਣੀ ਹੈ, ਤੋਂ ਬਾਅਦ ਯਕਮੁਸਤ ਨਕਦ ਅਦਾ ਕੀਤੀ ਜਾਵੇਗੀ।

7. ਤਨਖਾਹਾਂ ਦੇ ਬਕਾਇਆਂ ਦੀ ਜਨਰਲ ਪ੍ਰਾਵੀਡੈਂਟ ਫੰਡ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਰਕਮ ਨੂੰ ਵਾਧੂ ਅੰਸ਼ਦਾਨ ਮੰਨਿਆ ਜਾਵੇਗਾ ਅਤੇ ਉਸਤੇ ਮਿਲਣਯੋਗ ਵਿਆਜ ਰਕਮ ਜਮ੍ਹਾਂ ਹੋਣ ਦੇ ਮਹੀਨੇ ਤੋਂ ਅਗਲੇ ਮਹੀਨੇ ਦੀ ਪਹਿਲੀ ਤਰੀਕ ਤੋਂ ਲੱਗਣਯੋਗ ਹੋਵੇਗਾ।

8. ਕਰਮਚਾਰੀਆਂ ਦੇ ਜਨਰਲ ਪ੍ਰਾਵੀਡੈਂਟ ਫੰਡ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਤਨਖਾਹ ਦੇ ਬਕਾਇਆਂ ਦੀਆਂ ਰਕਮਾਂ ਅਤੇ ਉਹਨਾਂ ਤੇ ਮਿਲਣਯੋਗ ਵਿਆਜ ਨੂੰ ਪੰਜ ਸਾਲ ਦੇ ਸਮੇਂ ਲਈ, ਜੋ ਕਿ ਉਸ ਮਹੀਨੇ ਦੇ ਅਗਲੇ ਮਹੀਨੇ ਦੀ ਪਹਿਲੀ ਤਰੀਕ ਤੋਂ ਮਿਥਿਆ ਜਾਵੇਗਾ ਜਿਸ ਮਹੀਨੇ ਵਿੱਚ ਤਨਖਾਹ ਦੇ ਬਕਾਏ ਦੀਆਂ ਰਕਮਾਂ ਅੰਸ਼ਦਾਨੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਈਆਂ ਹੋਣ, ਜਨਰਲ ਪ੍ਰਾਵੀਡੈਂਟ ਫੰਡ ਨਿਯਮਾਂ ਅਧੀਨ ਮਿਲਣਯੋਗ ਮੋੜਨਯੋਗ ਅਤੇ ਨਾ ਮੋੜਨਯੋਗ ਪੇਸ਼ਗੀਆਂ ਦੀ ਰਾਸ਼ੀ ਨਿਰਧਾਰਿਤ ਕਰਨ ਦੇ ਮੰਤਵ ਲਈ ਕੁੱਲ ਬਕਾਇਆ ਜਮ੍ਹਾਂ ਰਾਸ਼ੀ ਦਾ ਹਿੱਸਾ ਨਹੀਂ ਮੰਨਿਆ ਜਾਵੇਗਾ।

ਚਲਦਾ ਪੰਨਾ --- 4

9. ਅਜਿਹੇ ਕਰਮਚਾਰੀ ਜਿਹਨਾਂ ਤੇ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:- 3/72/2003-3ਐਫ.ਪੀ. ਪੀ.ਸੀ./7280 ਮਿਤੀ 12-12-2006 ਦੁਆਰਾ ਜਾਰੀ ਕੀਤੀ ਨਿਊ ਰੀਸਟਰਕਚਰਡ ਡਿਫਾਈਨਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਹੁੰਦੀ ਹੈ, ਉਹਨਾਂ ਦੇ ਇਸ ਸਕੀਮ ਦੇ ਟਾਇਰ-11 ਅਧੀਨ ਖਾਤੇ ਹਾਲੇ ਖੋਲੇ ਨਹੀਂ ਗਏ। ਇਸ ਲਈ ਉਹਨਾਂ ਨੂੰ ਅਦਾਇਗੀਯੋਗ ਤਨਖਾਹ ਦੇ ਬਕਾਇਆਂ ਦੀ ਹਰੇਕ ਕਿਸ਼ਤ ਦਾ 50% ਹਿੱਸਾ ਨੈਸ਼ਨਲ ਸੇਵਿੰਗ ਸਰਟੀਫਿਕੇਟ/ਕਿਸਾਨ ਵਿਕਾਸ ਪੱਤਰਾਂ ਵਿੱਚ ਨਿਵੇਸ਼ ਕੀਤਾ ਜਾਵੇਗਾ, ਜੋ ਕਿ ਪੰਜਾਬ ਰਾਜ ਵਿੱਚ ਸਥਿਤ ਡਾਕਘਰਾਂ ਤੋਂ ਸਬੰਧਤ ਕਰਮਚਾਰੀਆਂ ਦੇ ਨਾਂ ਤੇ ਖਰੀਦੇ ਜਾਣਗੇ। ਬਾਕੀ ਦੇ 50% ਹਿੱਸੇ ਦੇ ਰਕਮ ਦੀ ਅਦਾਇਗੀ ਨਕਦ ਕੀਤੀ ਜਾਵੇਗੀ।

10. ਸਰਕਾਰੀ ਕਰਮਚਾਰੀਆਂ ਨੂੰ ਮਿਲਣਯੋਗ ਤਨਖਾਹ ਦੇ ਬਕਾਇਆਂ ਦੀ ਰਕਮ ਦੀ ਗਣਨਾ ਅਤੇ ਡਰਾਅਲ ਮੌਜੂਦਾ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਵਲੋਂ ਉਹਨਾਂ ਪੂਰਵਲੇ ਡਰਾਇੰਗ ਅਤੇ ਡਿਸਬਰਸਿੰਗ ਅਫਸਰਾਂ ਪਾਸੋਂ ਡਿਊ ਡਰਾਅਨ ਸਟੇਟਮੈਂਟਾਂ ਅਤੇ ਨਾਨ-ਪੇਮੈਂਟ ਸਰਟੀਫਿਕੇਟ ਪ੍ਰਾਪਤ ਕਰਕੇ ਕੀਤੀ ਜਾਵੇਗੀ ਜਿਹਨਾਂ ਵਲੋਂ ਸਬੰਧਤ ਕਰਮਚਾਰੀ ਦੀ ਮਿਤੀ 1-1-2006 ਤੋਂ 31-7-09 ਦੇ ਸਮੇਂ ਦੌਰਾਨ ਤਨਖਾਹ ਡਰਾਅ ਕੀਤੀ ਹੋਵੇ। ਕਿਸੇ ਕਰਮਚਾਰੀ ਦੀ ਬਦਲੀ ਹੋਣ ਦੀ ਸੂਰਤ ਵਿੱਚ ਉਸਦੇ ਆਖਰੀ ਤਨਖਾਹ ਪ੍ਰਮਾਣ-ਪੱਤਰ ਵਿੱਚ ਉਸਨੂੰ ਅਦਾ ਕੀਤੇ ਤਨਖਾਹ ਦੇ ਬਕਾਏ ਦੀਆਂ ਕਿਸ਼ਤਾਂ ਦਾ ਵੇਰਵਾ ਰਕਮ ਸਮੇਤ ਅਤੇ ਬਾਕੀ ਰਹਿੰਦੀਆਂ ਅਦਾਇਗੀਯੋਗ ਕਿਸ਼ਤਾਂ ਦਾ ਵੇਰਵਾ ਰਕਮ ਸਮੇਤ, ਹਰ ਹਾਲਤ ਵਿੱਚ ਦਰਜ ਕੀਤਾ ਜਾਵੇ।

11. ਵਿਦੇਸ਼ੀ ਸੇਵਾ ਤੇ ਬਿਤਾਏ ਸਮੇਂ ਦੇ ਤਨਖਾਹ ਦੇ ਬਕਾਏ ਦੀ ਅਦਾਇਗੀ ਦੀ, ਗਣਨਾ ਵਿਦੇਸ਼ੀ ਨਿਯੋਜਕ ਵਲੋਂ ਵੱਖਰੇ ਤੌਰ ਤੇ ਕੀਤੀ ਜਾਵੇਗੀ ਅਤੇ ਉਸਦੀ ਅਦਾਇਗੀ ਵੀ ਉਪਰ ਦਰਸਾਈ ਵਿਧੀ ਅਨੁਸਾਰ ਤਿੰਨ ਕਿਸ਼ਤਾਂ ਵਿੱਚ ਕੀਤੀ ਜਾਵੇਗੀ।

ਮਿਲਾਣ ਕੀਤਾ

ਵਿਸ਼ਵਾਸਪਾਤਰ,
- ਸਹੀ -
(ਜਸਬੀਰ ਕੌਰ)
ਅਧੀਨ ਸਕੱਤਰ/ਵਿੱਤ